PUNJABI

**ਕਰੋਨਾ ਟੀਕਾ ਬਾਰੇ ਜ਼ਰੂਰੀ ਸੂਚਨਾ**

ਸਤਿ ਸ੍ਰੀ ਅਕਾਲ ਜੀ।

ਦਰਾਮਨ ਸ਼ਹਿਰ ਦੀ ਸਰਕਾਰ ਵੱਲੋਂ ਨਿਮਰਤਾ ਸਹਿਤ ਬੇਨਤੀ ਹੈ ਕਿ ਜਿੰਨਾ ਨੇ ਹੁਣ ਤੱਕ ਕਰੋਨਾ ਤੋਂ ਬਚਾ ਦਾ ਇੱਕ ਜਾਂ ਇੱਕ ਵੀ ਟੀਕਾ ਨਹੀਂ ਲਗਵਾਇਆ, ਉਹ ਜਲਦੀ ਤੋਂ ਜਲਦੀ ਇਹ ਟੀਕਾ ਲਗਵਾਉਣ ਦੀ ਕ੍ਰਿਪਾਲਤਾ ਕਰਨ ਜੀ।

18 ਸਾਲ ਤੋਂ ਉੱਪਰ ਦੇ ਸਾਰੇ ਜਣੇ ਪਹਿਲਾ ਟੀਕਾ ਅਤੇ ਦੂਜਾ ਟੀਕਾ ਕਰੋਨਾ ਦੇ ਬਚਾਅ ਲਈ ਜਲਦੀ ਤੋਂ ਜਲਦੀ ਲਗਵਾਉਣ ਜੀ। 12 ਤੋਂ 15 ਸਾਲ ਦੀ ਉਮਰ ਦੇ ਬੱਚੇ ਪਹਿਲਾ ਟੀਕਾ ਜ਼ਰੂਰ ਲਗਵਾ ਲੈਣ।

ਬਿਮਾਰੀ ਦਿਨੋ ਦਿਨ ਵੱਧ ਰਹੀ ਹੈ ਅਤੇ ਹਸਪਤਾਲ ਵਿੱਚ ਦਾਖਲ ਹੋਣ ਵਾਲੇ ਲੋਕ ਜਾਂ ਤਾਂ ਵਡੇਰੀ ਉਮਰ ਦੇ ਲੋਕ ਹਨ ਜਾਂ ਬਾਕੀ ਸਾਰੇ ਜਿਨ੍ਹਾਂ ਨੇ ਕਰੋਨਾ ਬਚਾਅ ਦੇ ਟੀਕੇ ਨਹੀਂ ਲਗਵਾਏ।

ਕਰੋਨਾ ਟੀਕਾ ਲਗਵਾਣ ਦੇ ਫਾਇਦੇ ਜ਼ਿਆਦਾ ਹਨ ਅਤੇ ਨੁਕਸਾਨ ਤਕਰੀਬਨ ਕੋਈ ਨਹੀਂ ਹੈ।ਟੀਕਾ ਲਗਵਾਉਣ ਸਮੇ ਮਮੂਲੀ ਜਿਹੀ ਦਰਦ ਹੁੰਦੀ ਹੈ ਅਤੇ ਕਿਸੇ ਕਿਸੇ ਨੂੰ ਥੋੜਾ ਥੋੜਾ ਬੁਖ਼ਾਰ ਹੋ ਸਕਦਾ ਹੈ ਜਿਸਦਾ ਮਤਲਬ ਹੈ ਕਿ ਦਵਾਈ ਅਸਰ ਕਰ ਰਹੀ ਹੈ ਅਤੇ ਫ਼ਾਇਦਾ ਹੋ ਰਿਹਾ ਹੈ।

ਦਰਾਮਨ ਸਰਕਾਰ ਵੱਲੋਂ ਜਨਵਰੀ ਦੇ ਅਖੀਰ ਤੱਕ ਗੁਲਸਕੂਗਨ ਸੈਂਟਰ ਵਿੱਚ ਟੀਕੇ ਲਗਾਏ ਜਾ ਰਹੇ ਹਨ ਅਤੇ ਇਸ ਤੋਂ ਬਾਅਦ ਥੌਰਗੇਵੈਸਟ ਦੇ ਕੋਲ ਪਾਰਕਿੰਗ ਹਾਲ ਦੇ ਥੱਲੇ ਨਵਾਂ ਦਫਤਰ ਖੁੱਲੇਗਾ।ਇਹ ਟੀਕੇ ਮੁਫ਼ਤ ਲੱਗਾਏ ਜਾਂਦੇ ਹਨ।

ਹੁਣ ਜੁਲ ਦੀਆਂ ਛੁੱਟੀਆਂ ਵਿੱਚ ਸਰਕਾਰੀ ਹਦਾਇਤਾਂ ਦਾ ਪਾਲਣ ਕਰੋ, ਹੱਥ ਮਿਲਾਣ ਜਾਂ ਜ਼ਿਆਦਾ ਲੋਕ ਇਕੱਠੇ ਹੋਣ ਤੋਂ ਸੰਕੋਚ ਕਰਨ ਦੀ ਕ੍ਰਿਪਾਲਤਾ ਕਰਨ ਦੀ ਬੇਨਤੀ ਹੈ।

ਬਹੁਤ ਬਹੁਤ ਧੰਨਵਾਦ ਜੀ
ਦਰਾਮਨ ਸਰਕਾਰ

DRAMMEN KOMMUNE